ਨਿਊਜ਼ ਰਿਲੀਜ਼

# ਅਸਲ ਸਮੇਂ 'ਚ ਚਿਤਾਵਣੀਆਂ ਦੇ ਕੇ ਪੀੜਤਾਂ ਦੀ ਸੁਰੱਖਿਆ ਨੂੰ ਤਰਜੀਹ ਦੇਣਾ

25 ਮਾਰਚ 2026 ਮੀਡੀਆ ਇੰਨਕੁਆਰੀਆਂ

## ਬਾਰ ਬਾਰ ਅਪਰਾਧ ਕਰਨ ਵਾਲੇ ਅਪਰਾਧੀਆਂ 'ਤੇ ਨਿਗਰਾਨੀ ਰੱਖਣ ਨੂੰ ਮਜ਼ਬੂਤ ਕਰਨ ਅਤੇ ਪੀੜਤਾਂ ਨੂੰ, ਜਦੋਂ ਉਨ੍ਹਾਂ ਦੀ ਸੁਰੱਖਿਆ ਖਤਰੇ 'ਚ ਹੋ ਸਕਦੀ ਹੈ, ਉਸ ਅਸਲ ਸਮੇਂ 'ਚ ਚਿਤਾਵਨੀਆਂ ਦੇਣ ਲਈ ਇਲੈਕ੍ਟ੍ਰਾਨਿਕ ਮਾਨਟੀਰਿੰਗ ਪ੍ਰੋਗਰਾਮ 'ਚ ਵਿਸਤਾਰ ਲਿਆਂਦਾ ਜਾ ਰਿਹਾ ਹੈ।

ਬੱਜਟ 2026, ਪੀੜਤਾਂ ਨੂੰ ਨੋਟੀਫਿਕੇਸ਼ਨ ਭੇਜਣ ਦੀਆਂ ਨਵੀਆਂ ਸਮਰੱਥਾਵਾਂ ਕਾਰਜਸ਼ੀਲ ਕਰਨ ਅਤੇ ਇਸ ਪ੍ਰੋਗਰਾਮ ਨੂੰ ਸੂਬੇ ਭਰ 'ਚ ਫੈਲਾਉਣ ਲਈ ਤਿੰਨ ਸਾਲਾਂ ਦੌਰਾਨ 4.1 ਮਿਲੀਅਨ ਡਾਲਰ ਦਾ ਪੂੰਜੀ-ਨਿਵੇਸ਼ ਕਰਦਾ ਹੈ। ਸ਼ਾਮਲ  ਹੋਣ ਵਾਲੇ ਪੀੜਤ ਝਟਪਟ ਚੇਤਾਵਨੀ ਪ੍ਰਾਪਤ ਕਰਨਗੇ, ਜੇਕਰ ਕੋਈ ਅਪਰਾਧੀ ਅਦਾਲਤੀ ਹੁਕਮ ਵਾਲੀ ਹੱਦ ਨੂੰ ਉਲੰਘਦਾ ਹੈ, ਕਿਸੇ ਮਨਾਹੀ ਵਾਲੇ ਖੇਤਰ 'ਚ ਵੜ੍ਹਦਾ ਹੈ ਜਾਂ ਪੀੜਤ ਦੇ ਸਥਾਨ ਦੇ ਨੇੜੇ ਆਉਂਦਾ ਹੈ। ਇਹ ਵਿਸਤਾਰ ਪੀੜਤਾਂ ਨੂੰ ਪਹਿਲ 'ਤੇ ਰੱਖਦਾ ਹੈ ਅਤੇ ਅਦਾਲਤੀ-ਹੁਕਮ ਦੀਆਂ ਸ਼ਰਤਾਂ ਦੇ ਠੋਸਣ ਨੂੰ ਮਜ਼ਬੂਤ ਕਰਦਾ ਹੈ।

ਇਹ ਪ੍ਰੋਗਰਾਮ ਅਦਾਲਤੀ-ਹੁਕਮ ਦੀਆਂ ਸ਼ਰਤਾਂ ਹੇਠਲੇ ਅਪਰਾਧੀਆਂ ਦੀ 24-7 ਦਿਨ ਭਰ 'ਚ ਚੌਵੀ ਘੰਟੇ ਨਿਗਰਾਨੀ ਰੱਖਣ ਦੀ ਵਿਵਸਥਾ ਕਰਦਾ ਹੈ। ਅਪਰਾਧੀਆਂ ਨੂੰ ਐਲਬਰਟਾ ਕੁਰੈਕਸ਼ਨਲ ਸਰਵਿਸਿਜ਼ ਦੁਆਰਾ ਨਿਗਰਾਨੀ ਰੱਖੇ ਜਾਂਦੇ ਇਕ ਜੀ ਪੀ ਐੱਸ ਟਰੈਕਿੰਗ ਉਪਰਕਨ ਨੂੰ ਪਾ ਕੇ ਰੱਖਣ ਦੀ ਜ਼ਰੂਰਤ ਹੁੰਦੀ ਹੈ। ਪ੍ਰੋਗਰਾਮ ਅਦਾਲਤ ਦੁਆਰਾ ਹੁਕਮ ਕੀਤੇ ਦਾਖਲੇ ਵਾਲੇ ਅਤੇ ਦਾਖਲ ਨਾ ਹੋ ਸਕਣ ਵਾਲੇ ਖੇਤਰਾਂ ਨੂੰ ਸਖਤੀ ਨਾਲ ਲਾਗੂ

Classification: Public

ਕਰਦਾ ਹੈ, ਜਿਸ ਨਾਲ ਅਪਰਾਧੀਆਂ ਨੂੰ ਪੀੜਤਾਂ ਦੇ ਘਰਾਂ, ਕੰਮ ਵਾਲੀਆਂ ਥਾਵਾਂ ਅਤੇ ਹੋਰ ਸੁਰੱਖਿਅਤ ਕੀਤੀਆਂ ਥਾਵਾਂ ਤੋਂ ਪਰ੍ਹੇ ਰੱਖਣ 'ਚ ਮਦਦ ਮਿਲਦੀ ਹੈ।

"ਪੀੜਤਾਂ ਨੂੰ ਇਸ ਡਰ ਜਾਂ ਹੈਰਾਨੀ 'ਚ ਨਹੀਂ ਜੀਣਾ ਚਾਹੀਦਾ ਕਿ ਜਿਸ ਵਿਅਕਤੀ ਨੇ ਉਨ੍ਹਾਂ ਨੂੰ ਦੁੱਖ ਪੁਚਾਇਆ ਸੀ ਉਹ ਕਿਤੇ ਨੇੜੇ ਤੇੜੇ ਹੈ। ਅਸਲ ਸਮੇਂ ਦੀਆਂ ਚਿਤਾਵਨੀਆਂ ਅਤੇ ਲਗਾਤਾਰ ਨਿਗਰਾਨੀ ਨਾਲ, ਪੀੜਤਾਂ ਪਾਸ ਉਹ ਜਾਣਕਾਰੀ ਹੋਵੇਗੀ, ਜਿਸਦੀ ਉਨ੍ਹਾਂ ਨੂੰ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ ਲੋੜ ਹੈ। ਅਪਰਾਧੀਆਂ ਨੂੰ ਹਰ ਸਮੇਂ ਆਪਣੀਆਂ ਸ਼ਰਤਾਂ ਦੀ ਪਾਲਣਾ ਕਰਨੀ ਹੋਵੇਗੀ। ਪਬਲਿਕ ਸੁਰੱਖਿਆ ਪਹਿਲਾਂ ਆਉਂਦੀ ਹੈ, ਅਤੇ ਅਸੀਂ ਇਸਨੂੰ ਸਖਤੀ ਨਾਲ ਲਾਗੂ ਕਰਨ ਵਾਸਤੇ ਹਰੇਕ ਉਪਬਲਧ ਸੰਦ ਦੀ ਵਰਤੋਂ ਕਰ ਰਹੇ ਹਾਂ।"

*Danielle Smith, ਪ੍ਰੀਮੀਅਰ*

"ਇਕ ਭੂਤਪੂਰਵ ਪੁਲਿਸ ਅਫਸਰ ਵਜੋਂ ਮੈਂ ਪੀੜਤਾਂ ਦੀਆਂ ਅੱਖਾਂ 'ਚ ਡਰ ਨੂੰ ਵੇਖਿਆ ਹੈ, ਜਦੋਂ ਉਹ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ 'ਤੇ ਹਮਲਾ ਕਰਨ ਵਾਲਾ ਵਾਪਸ ਕਮਿਊਨਿਟੀ 'ਚ ਆ ਗਿਆ ਹੈ। ਸਾਡੀ ਸਰਕਾਰ ਇਸ ਨੂੰ ਜਿਵੇਂ ਹੈ, ਉਵੇਂ ਰਹਿਣ ਦਿੱਤੇ ਜਾਣ ਨੂੰ ਮੰਨਣ ਤੋਂ ਨਾਂਹ ਕਰਦੀ ਹੈ। ਅਸੀਂ ਪੀੜਤਾਂ ਨੂੰ ਅਸਲ ਸਮੇਂ ਦੀ ਪਾਵਰ ਅਤੇ 24-7 ਚੌਵੀ ਘੰਟੇ ਦੀ ਨਿਗਰਾਨੀ ਦੇ ਕੇ ਉਸ ਗੱਲ ਨੂੰ ਉਲਟ ਮੋੜ ਦੇ ਰਹੇ ਹਾਂ। ਅਸੀਂ ਕੇਵਲ ਅਪਰਾਧਾਂ 'ਤੇ ਨਿਗਰਾਨੀ ਹੀ ਨਹੀਂ ਰੱਖ ਰਹੇ; ਅਸੀਂ ਅਗਲੇ ਪੀੜਤ ਬਣਨ ਦੀ ਵੀ ਰੋਕਥਾਮ ਕਰ ਰਹੇ ਹਾਂ।"

*Mike Ellis, ਮਨਿਸਿਟਰ ਆਫ ਪਬਲਿਕ ਸੇਫਟੀ ਐਂਡ ਐਮਰਜੈਂਸੀ ਸਰਵਿਸਿਜ਼*

ਇਲੈਕਟ੍ਰਾਨਿਕ ਨਿਗਰਾਨੀ ਨੂੰ ਸੁਪਰਵਿਜ਼ਨ ਦੇ ਹੋਰ ਸਾਧਨਾਂ ਦੇ ਨਾਲ ਨਾਲ ਵਰਤਿਆ ਜਾਂਦਾ ਹੈ, ਜਿੰਨ੍ਹਾਂ 'ਚ ਰਿਪੋਰਟ ਕਰਨ ਦੀਆਂ ਜ਼ਰੂਰਤਾਂ, ਕਮਿਊਨਿਟੀ ਸੁਪੋਰਟ ਅਤੇ ਪੁਲਿਸ ਨਾਲ ਮਿਲਵਰਤਨ ਸ਼ਾਮਲ ਹਨ। ਇਹ ਅਦਾਲਤਾਂ ਦੀ ਵੀ ਸਹਾਇਤਾ ਕਰਦਾ ਹੈ, ਜਦੋਂ ਉਹ ਜ਼ਮਾਨਤ ਜਾਂ ਸਜ਼ਾ ਦੀਆਂ ਸ਼ਰਤਾਂ ਮਿਥਦੀਆਂ ਹਨ।

"ਪਰਿਵਾਰਕ ਹਿੰਸਾ ਦੇ ਪੀੜਤਾਂ 'ਤੇ ਆਪਣੇ ਹਮਲਾਵਰਾਂ ਤੋਂ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਦੀ ਸਭ ਤੋਂ ਵੱਧ ਵਿਵਹਾਰਕ ਜ਼ਿੰਮੇਵਾਰੀ ਆਉਂਦੀ ਹੈ, ਜਦੋਂ ਕਿ ਉਹ ਲਗਾਤਾਰ ਡਰ 'ਚ ਜੀਣ ਦੇ ਭਾਵਨਾਤਮਕ ਅਤੇ ਸਰੀਰਕ ਬੋਝ ਦਾ ਪ੍ਰਬੰਧਨ ਕਰ ਰਹੇ ਹੁੰਦੇ ਹਨ। ਪਰਿਵਾਰਕ ਹਿੰਸਾ ਬਹੁਤ ਸਾਰੇ ਐਲਬਰਟਾ ਨਿਵਾਸੀਆਂ 'ਤੇ ਅਸਰ ਪਾਉਂਦੀ ਹੈ; ਪਬਲਿਕ ਸੁਰੱਖਿਆ ਦਾ ਇਹ ਮੁੱਦਾ ਕੇਵਲ ਪੀੜਤਾਂ ਨੂੰ ਹੀ ਪ੍ਰਭਾਵਤ ਨਹੀਂ ਕਰਦਾ, ਸਗੋਂ ਉਨ੍ਹਾਂ ਦੇ ਆਲੇ-ਦੁਆਲੇ ਵਾਲਿਆਂ ਨੂੰ ਵੀ ਪ੍ਰਭਾਵਤ ਕਰਦਾ ਹੈ। ਸਾਡੇ ਬਹੁਤ ਸਾਰੇ ਕਲਾਇੰਟਾਂ ਲਈ, ਇਲੈਕਟ੍ਰਾਨਿਕ ਨਿਗਰਾਨੀ ਉਨ੍ਹਾਂ ਨੂੰ ਆਪਣੀ ਸਰੀਰਕ ਸੁਰੱਖਿਆ 'ਚ ਸਹਾਇਤਾ ਲਈ ਟੂਲ ਪ੍ਰਦਾਨ ਕਰਦੀ ਅਤੇ ਮਨ ਦੀ ਸ਼ਾਂਤੀ

ਪੇਸ਼ ਕਰਦੀ ਹੈ, ਜਿਸ ਨਾਲ ਉਹ ਠੀਕ ਹੋਣ ਵਾਸਤੇ ਅਗਲੇ ਕਦਮ ਚੁੱਕਣ ਅਤੇ ਲਗਾਤਾਰ ਡਰ 'ਚ ਜੀਣ ਦੁਆਰਾ ਪੈਦਾ ਹੋਈਆਂ ਰੁਕਾਵਟਾਂ ਤੋਂ ਅਗਾਂਹ ਤੁਰਨ ਲਈ ਸਸ਼ਕਤ ਬਣਦੇ ਹਨ।”

*Kim Ruse, ਸੀ ਈ ਓ, ਫੀਅਰਇਜਨਾਟਲਵ ਕੈਲਗਰੀ*

“ਦਿ ਐਲਬਰਟਾ ਐਸੋਸੀਏਸ਼ਨ ਆਫ ਚੀਫਸ ਆਫ ਪੁਲਿਸ (*AACP*) ਇਲੈਕਟ੍ਰਾਨਿਕ ਨਿਗਰਾਨੀ 'ਚ ਵਿਸਤਾਰ ਨੂੰ ਬਾਰ ਬਾਰ ਅਪਰਾਧ ਕਰਨ ਵਾਲੇ ਅਪਰਾਧੀਆਂ ਦੀ ਨਿਗਰਾਨੀ ਮਜ਼ਬੂਤ ਕਰਨ ਅਤੇ ਪਬਲਿਕ ਸੁਰੱਖਿਆ ਵਧਾਉਣ ਵੱਲ ਨੂੰ ਇਕ ਮਹੱਤਵਪੂਰਨ ਕਦਮ ਵਜੋਂ ਲੈਂਦਿਆਂ, ਇਸ ਦੇ ਵਿਸਤਾਰ ਦਾ ਸਮਰਥਨ ਕਰਦੇ ਹਨ। ਅਸਲ ਸਮੇਂ 'ਚ ਚਿਤਾਵਣੀਆਂ ਦੇਣ ਦਾ ਵਾਧਾ ਪੀੜਤਾਂ ਨੂੰ ਸੁਰੱਖਿਆ ਦੀ ਇਕ ਹੋਰ ਪਰਤ ਪ੍ਰਦਾਨ ਕਰਦਾ ਹੈ।”

*Chief Alan Murphy, ਪ੍ਰੈਜ਼ੀਡੈਂਟ, AACP*

ਇਹ ਵਿਸਤਾਰ ਉੱਚ-ਖਤਰੇ ਵਾਲੇ ਅਤੇ ਬਾਰ ਬਾਰ ਅਪਰਾਧ ਕਰ ਵਾਲੇ ਅਪਰਾਧੀਆਂ ਦੇ ਪ੍ਰਬੰਧਨ ਦੀ ਐਲਬਰਟਾ ਦੀ ਪਹੁੰਚ ਨੂੰ ਮਜ਼ਬੂਤ ਕਰਦਾ ਹੈ, ਜਦ ਕਿ ਪੀੜਤਾਂ ਦੀ ਸੁਰੱਖਿਆ ਅਤੇ ਵਿਸ਼ਵਾਸ਼ ਨੂੰ ਨਿਆਂ-ਪ੍ਰਬੰਧ ਦੇ ਕੇਂਦਰ 'ਚ ਲਿਆ ਰੱਖਦਾ ਹੈ।

*ਬੱਜਟ 2026, ਜੋ ਮਹੱਤਵਪੂਰਨ ਹਨ ਉਨ੍ਹਾਂ 'ਤੇ ਫੋਕਸ ਕਰਦਾ ਹੈ, ਅਨੁਸ਼ਾਸਤ ਚੋਣਾਂ ਕਰਦਾ ਹੈ ਅਤੇ ਫੈਸਲਾਕੁੰਨ ਕਾਰਵਾਈਆਂ ਕਰਦਾ ਹੈ।*

## ਫੌਰੀ ਤੱਥ

- ਐਲਬਰਟਾ ਦੀ ਸਰਕਾਰ ਨੇ *ਪਬਲਿਕ ਸੇਫਟੀ ਐਂਡ ਐਮਰਜੈਂਸੀ ਸਰਵਿਸਿਜ਼ ਸਟੈਚਿਊਟਸ ਅਮੈਂਡਮੈਂਟ ਐਕਟ*, 2024 ਦੇ ਇਕ ਭਾਗ ਵਜੋਂ ਮਾਰਚ 2024 'ਚ ਇਕ ਪ੍ਰੋਵਿੰਸ਼ੀਅਲ ਐਂਕਲ ਬਰੇਸਲੈੱਟ ਇਲੈਕਟ੍ਰਾਨਿਕ ਮਾਨੀਟਰਿੰਗ ਪ੍ਰੋਗਰਾਮ ਦੀ ਸਿਰਜਨਾ ਦਾ ਐਲਾਨ ਕੀਤਾ ਸੀ।
- ਅਗਸਤ 2024 'ਚ, ਖਰੀਦਦਾਰੀ ਦੇ ਇਕ ਖੁੱਲ੍ਹੇ ਅਮਲ ਦੁਆਰਾ ਗਿੱਟੇ 'ਤੇ ਪਾਉਣ ਵਾਲੇ ਕੜੇ ਦੇ ਇਲੈਕਟ੍ਰਾਨਿਕ ਨਿਗਰਾਨੀ ਪ੍ਰੋਗਰਾਮ ਵਾਸਤੇ ਤਕਨਾਲੋਜੀ ਵਿਕਰੇਤਾ ਵਜੋਂ SCRAM ਸਿਸਟਮਜ਼ ਦੀ ਚੋਣ ਕੀਤੀ।

## ਸਬੰਧਤ ਖਬਰਾਂ

- ਇਲੈਕਟ੍ਰਾਨਿਕ ਮਾਨੀਟਰਿੰਗ ਆਫ ਰਿਪੀਟ ਓਫੈਂਡਰਜ਼ ਬਗਿੰਨਜ਼ (15 ਜਨਵਰੀ 2025)
- ਲਾਕਿੰਗ ਡਾਊਨ ਰਿਪੀਟ ਓਫੈਂਡਰਜ਼ (13 ਮਾਰਚ 2024)

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ

## ਮੀਡੀਆ ਇੰਨਕੁਆਰੀਆਂ


### Arthur Green

587-357-0108
ਪ੍ਰੈੱਸ ਸੈਕਰੇਟਰੀ, ਪਬਲਿਕ ਸੇਫਟੀ ਐਂਡ ਐਮਰਜੈਂਸੀ ਸਰਵਸਿਜ਼